396
ਗ੍ਰੰਥ ਨੰ
30840
G.6.6

# ਭੂਮਕਾ

ਅਜ ਸੋਵੀਅਟ ਯੂਨੀਅਨ ਦੁਨੀਆ ਦਾ ਸਭ ਤੋਂ ਵੱਡਾ ਆਜ਼ਾਦੀ-ਪਸੰਦ, ਇਨਕਲਾਬੀ ਤੇ ਤਾਕਤਵਰ ਦੇਸ਼ ਸਾਬਤ ਹੋ ਰਿਹਾ ਹੈ। ਉਸ ਦੀ ਲਾਲ ਫ਼ੌਜ ਦੀਆਂ ਮਾਰੂ ਸੱਟਾਂ ਨੇ ਹਿਟਲਰ ਦੀਆਂ "ਅਜਿੱਤ" ਕਹੀਆਂ ਜਾਂਦੀਆਂ ਡਾਕੂ ਫ਼ੌਜਾਂ ਦਾ ਲੱਕ ਤੋੜ ਦਿੱਤਾ ਹੈ। ਸੋਵੀਅਟ ਧਰਤੀ ਨੂੰ ਨਾਜ਼ੀ ਜ਼ਾਲਮਾਂ ਤੋਂ ਸਾਫ਼ ਕਰਾਇਆ ਹੈ। ਯੂਰਪ ਦੇ ਦੱਬੇ ਹੋਏ ਲੋਕਾਂ ਦੇ ਗੁਲਾਮੀ ਦੇ ਸੰਗਲ ਤੋੜੇ ਹਨ। ਉਹਨਾਂ ਨੂੰ ਆਪਣੀਆਂ ਆਜ਼ਾਦ ਹਕੂਮਤਾਂ ਕਾਇਮ ਕਰਨ ਵਿਚ ਮਦਦ ਦਿੱਤੀ ਹੈ। ਬਾਕੀ ਦੁਨੀਆ ਦੇ ਗ਼ੁਲਾਮ ਲੋਕਾਂ ਨੂੰ ਮੌਕਾ ਦਿੱਤਾ ਹੈ, ਅਤੇ ਕਰੀਮੀਆ ਕਾਨਫ਼ਰੰਸ ਰਾਹੀਂ ਯਕੀਨ ਦੁਆਇਆ ਹੈ ਕਿ ਉਹ ਵੀ ਆਪਣੀ ਏਕੇ ਤੇ ਆਜ਼ਾਦੀ ਦੀ ਲਹਿਰ ਨਾਲ ਆਪਣੀਆਂ ਬੇੜੀਆਂ ਕਟ ਸਕਦੇ ਹਨ, ਆਜ਼ਾਦੀ ਤੇ ਅਮਨ ਦੇ ਸੁਖ ਮਾਣ ਸਕਦੇ ਹਨ।

ਸੋਵੀਅਟ ਤਾਕਤ ਕਿੰਨੀ ਮਹਾਨ ਤਾਕਤ ਹੈ। ਇਸ ਤਾਕਤ ਦਾ ਭੇਦ ਕਿਸ ਗੱਲ ਵਿਚ ਹੈ? ਇਹ ਭੇਦ ਓਥੋਂ ਦੇ ਸੋਸ਼ਲਿਸਟ ਪ੍ਰਬੰਧ ਵਿਚ ਹੈ; ਮਰਦਾਂ ਤੇ ਇਸਤ੍ਰੀਆਂ ਦੀ ਸੱਚੀ ਆਜ਼ਾਦੀ ਵਿਚ ਹੈ; ਉਹਨਾਂ ਦੀ ਬਰਾਬਰੀ ਤੇ ਦੇਸ਼ ਦੇ ਪਿਆਰ ਵਿਚ ਹੈ; ਲੁਟੇਰਿਆਂ ਦੇ ਖ਼ਾਤਮੇ ਤੇ ਗਰੀਬੀ ਦੇ ਨਾਸ਼ ਵਿਚ ਹੈ; ਵਿੱਦਿਆ ਤੇ ਤਹਿਜ਼ੀਬ ਦੇ ਪਰਕਾਸ਼ ਵਿਚ ਹੈ।

ਇਸ ਸੱਚੀ ਆਜ਼ਾਦੀ ਦੇ ਪ੍ਰਬੰਧ ਨੂੰ ਕਾਇਮ ਕਰਨ ਤੇ ਬਚਾਣ

ਵਿਚ ਸੋਵੀਅਟ ਮਰਦਾਂ ਵਾਂਗ ਓਥੋਂ ਦੀਆਂ ਇਸਤਰੀਆਂ ਨੇ ਵੀ ਬੜਾ ਭਾਰੀ ਪਾਰਟ ਅਦਾ ਕੀਤਾ ਹੈ । ਉਹ ਜ਼ਾਰ ਬਾਦਸ਼ਾਹ ਦੇ ਵੇਲੇ ਦੱਬੀਆਂ ਤੇ ਜਹਾਲਤ ਦੇ ਟੋਏ ਵਿਚ ਡਿੱਗੀਆਂ ਹੋਈਆਂ ਸਨ । ਉਹਨਾਂ ਨੇ ਆਪਣੀ ਤੇ ਆਪਣੇ ਦੇਸ਼ ਦੀ ਦੁੱਖਾਂ ਤੇ ਜ਼ੁਲਮਾਂ ਭਰੀ ਹਾਲਤ ਮਹਿਸੂਸ ਕੀਤੀ । ਸੋਝੀ ਤੇ ਕੁਰਬਾਨੀ ਵਾਲੀਆਂ ਨੇ ਮਰਦਾਂ ਨਾਲ ਮਿਲਕੇ ਇਸ ਜ਼ੁਲਮ ਦੀ ਹਨੇਰੀ ਨੂੰ ਦੂਰ ਕਰਨ ਲਈ ਉਪਰਾਲੇ ਕੀਤੇ, ਦੁਖ ਤੇ ਤਸੀਹੇ ਝਾਗੇ, ਜੇਲ੍ਹਾਂ ਭੋਗੀਆਂ, ਮਾਰਾਂ ਖਾਧੀਆਂ, ਫਾਂਸੀਆਂ ਦੇ ਰੱਸੇ ਚੁੰਮੇ, ਤੇ ਅਖ਼ੀਰ ਮਜ਼ਦੂਰਾਂ ਤੇ ਕਿਸਾਨਾਂ ਦੀ ਏਨੀ ਜ਼ਬਰਦਸਤ ਲਹਿਰ ਤਿਆਰ ਕਰ ਦਿੱਤੀ ਕਿ ਰੂਸ ਵਿੱਚ ਜ਼ਾਰਸ਼ਾਹੀ, ਜਗੀਰਦਾਰੀ, ਸਰਮਾਏਦਾਰੀ ਤੇ ਇਮਪੀਰੀਲਿਜ਼ਮ ਦੇ ਕਿਲ੍ਹੇ ਢਾਹ ਕੇ ਮਲੀਆ-ਮੇਟ ਕਰ ਦਿੱਤੇ, ਤੇ ਇੱਕ ਨਵੀਂ ਸੁੱਖਾਂ ਤੇ ਆਜ਼ਾਦੀ ਭਰੀ ਜ਼ਿੰਦਗੀ ਉਸਾਰਨੀ ਸ਼ੁਰੂ ਕਰ ਦਿੱਤੀ ।

ਸੋਵੀਅਟ ਇਸਤਰੀ ਦੀ ਇਹ ਜ਼ਿੰਦਗੀ ਕੀਹ ਹੈ, ਉਹ ਖੇਤਾਂ ਤੇ ਕਾਰਖ਼ਾਨਿਆਂ ਵਿਚ ਕਿਸਤਰ੍ਹਾਂ ਕੰਮ ਕਰਦੀ ਹੈ, ਘਰ ਦੀ ਜ਼ਿੰਦਗੀ ਕਿਸਤਰ੍ਹਾਂ ਬਿਤਾਂਦੀ ਹੈ, ਮਰਦਾਂ ਦੇ ਨਾਲ ਬਰਾਬਰ ਹਕ ਕਿਸਤਰ੍ਹਾਂ ਮਾਣਦੀ ਹੈ, ਤੇ ਕਿਸਤਰ੍ਹਾਂ ਹਰ ਮੈਦਾਨ ਵਿੱਚ ਤਰੱਕੀ ਕਰਦੀ ਹੋਈ ਅੱਗੇ ਹੀ ਅੱਗੇ ਜਾ ਰਹੀ ਹੈ—ਇਹ ਗੱਲਾਂ ਇਸ ਪੁਸਤਕ ਵਿਚ ਬੜੀ ਚੰਗੀ ਤਰ੍ਹਾਂ ਬਿਆਨ ਕੀਤੀਆਂ ਗਈਆਂ ਹਨ ।

ਪਰ ਇਹ ਪੁਸਤਕ ਸਿਰਫ਼ ਏਨਾ ਹੀ ਬਿਆਨ ਨਹੀਂ ਕਰਦੀ । ਸੋਵੀਅਟ ਇਸਤਰੀ ਨੇ ਹਿਟਲਰ ਦੇ ਜ਼ਾਲਮ ਡਾਕੂਆਂ ਤੋਂ ਆਪਣੇ ਦੇਸ਼ ਤੇ ਆਪਣੀ ਇੱਜ਼ਤ ਨੂੰ ਕਿਸਤਰ੍ਹਾਂ ਬਚਾਇਆ ਹੈ, ਪੈਦਾਵਾਰ ਦੇ ਮੈਦਾਨ ਵਿਚ ਕੀਹ ਕੀਹ ਜੌਹਰ ਦਿਖਾਏ ਹਨ, ਜੰਗ ਦੇ ਮੈਦਾਨਾਂ ਵਿਚ ਕਿਸਤਰ੍ਹਾਂ ਕਾਰਨਾਮੇ ਕੀਤੇ ਹਨ, ਦੁਸ਼ਮਨ ਦੇ ਕਬਜ਼ੇ ਵਿੱਚ ਕਿਸ ਤਰ੍ਹਾਂ ਤਸੀਹੇ ਝਾਗੇ ਹਨ, ਗੁਰੀਲਿਆਂ ਦੀਆਂ ਸਫ਼ਾਂ ਵਿਚ ਕਿਸ ਤਰ੍ਹਾਂ ਬੀਰਤਾ ਦਿਖਾਈ ਹੈ, ਤੇ ਵੈਰੀ ਦੇ ਆਹੂ ਲਾਹੇ ਹਨ—ਇਸ ਪੁਸਤਕ ਵਿਚ ਇਹ ਦਾਸਤਾਨ ਵੀ ਪੇਸ਼ ਕੀਤੀ ਗਈ ਹੈ ।

ਸੋਵੀਅਟ ਇਸਤਰੀਆਂ ਦੀ ਦੇਸ਼-ਭਗਤੀ ਤੇ ਉਹਨਾਂ ਦੇ ਬਹਾਦਰੀ ਦੇ ਕਾਰਨਾਮੇ ਸਾਨੂੰ ਤੇ ਸਾਡੀਆਂ ਭੈਣਾਂ ਨੂੰ ਉਭਾਰਦੇ ਹਨ, ਤੇ



ਆਪਣੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਜੂਝਣ ਲਈ ਵੰਗਾਰਦੇ ਹਨ । ਇਹ ਸਾਨੂੰ ਸਾਡੀਆਂ ਆਪਣੀਆਂ ਬਜ਼ੁਰਗਾਂ, ਮਾਈ ਭਾਗੋ, ਰਾਣੀ ਝਾਂਸੀ, ਚਾਂਦ ਬੀਬੀ ਤੇ ਮਾਤਾ ਕਸਤੂਰਬਾ ਦੀ ਦੇਸ਼-ਭਗਤੀ, ਜ਼ੁਲਮ-ਵਿਰੋਧਤਾ ਤੇ ਸੱਚ-ਪਿਆਰ ਦੀ ਯਾਦ ਨੂੰ ਤਾਜ਼ਾ ਕਰਾਂਦੇ ਹਨ, ਤੇ ਸਰੋਜਨੀ ਦੇਵੀ ਵਰਗੀਆਂ ਮਹਾਨ ਦੇਸ਼ਭਗਤਾਂ ਦੇ ਪੂਰਨਿਆਂ ਤੇ ਚੱਲਣ ਲਈ ਤਿਆਰ ਕਰਦੇ ਹਨ । ਨਾਲ ਹੀ ਇਹ ਸਾਨੂੰ ਇਹ ਵੀ ਦਸਦੇ ਹਨ ਕਿ ਕਿਸ ਤਰ੍ਹਾਂ ਸੋਵੀਅਟ ਵਾਂਗ ਅਸੀਂ ਵੀ ਏਕਤਾ ਕਰਕੇ ਬੇਮਿਸਾਲ ਤੇ ਅਟੁੱਟ ਤਾਕਤ ਪੈਦਾ ਕਰ ਸਕਦੇ ਹਾਂ, ਤੇ ਗ਼ੁਲਾਮੀ ਦੇ ਜੂਲੇ ਵਿੱਚੋਂ ਨਿਕਲ ਕੇ ਆਜ਼ਾਦੀ ਦੀਆਂ ਖ਼ੁਸ਼ੀਆਂ ਮਾਣ ਸਕਦੇ ਹਾਂ ।

ਮੈਨੂੰ ਯਕੀਨ ਹੈ ਕਿ ਸਾਡੀਆਂ ਭੈਣਾਂ ਵੀ ਰੂਸੀ ਇਸਤਰੀਆਂ ਦੀਆਂ ਕੁਰਬਾਨੀਆਂ ਤੋਂ ਸਿੱਖਿਆ ਲੈਕੇ ਤੇ ਆਪਣੀਆਂ ਬਜ਼ੁਰਗਾਂ ਦੇ ਪੂਰਨਿਆਂ ਤੇ ਚੱਲ ਕੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਪੂਰਾ ਪੂਰਾ ਪਾਰਟ ਅਦਾ ਕਰਨਗੀਆਂ ।

ਲਾਹੌਰ
੭ ਮਾਰਚ ੧੯੪੫

ਮੱਖਣ ਸਿੰਘ.

# ਸੂਚੀ


| ਨੰ: | ਲੇਖ | ਸਫ਼ਾ |
|---|---|---|
| ੧. | ਸੋਵੀਅਟ ਰੂਸ ਵਿਚ ਇਸਤਰੀਆਂ ਦਾ ਦਰਜਾ | ੧ |
| ੨. | ਸਨਅਤ ਤੇ ਖੇਤੀ ਬਾੜੀ ਵਿਚ ਇਸਤਰੀਆਂ | ੬ |
| ੩. | ਇਸਤਰੀ ਅਤੇ ਭਾਈਚਾਰਕ ਉੱਨਤੀ | ੧੮ |
| ੪. | ਘਰੋਗੀ ਜ਼ਿੰਦਗੀ | ੨੬ |
| ੫. | ਏਸ਼ੀਆ ਦੀਆਂ ਕੁੜੀਆਂ ਵਿਚ ਨਵੀਂ ਜ਼ਿੰਦਗੀ | ੩੪ |
| ੬. | ਆਜ਼ਾਦੀ ਦੀ ਜੰਗ ਅਤੇ ਇਸਤਰੀਆਂ | ੩੯ |
| ੭. | ਬਹਾਦਰੀ ਦੇ ਨਮੂਨੇ | ੫੦ |


★

# ਸੋਵੀਅਟ ਰੂਸ ਵਿਚ ਇਸਤਰੀਆਂ ਦਾ ਦਰਜਾ

ਸੋਵੀਅਟ ਯੂਨੀਅਨ ਵਿਚ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਹੱਕ ਮਿਲੇ ਹੋਏ ਹਨ, ਇਸ ਲਈ ਅਸੀਂ ਆਖ ਸਕਦੇ ਹਾਂ ਕਿ ਸੋਵੀਅਟ ਯੂਨੀਅਨ ਨੇ ਔਰਤਾਂ ਨੂੰ ਅਗਾਂਹ-ਵਧੂ ਬਨਾਣ ਦਾ ਇਕ ਇਨਕਲਾਬੀ ਕਦਮ ਚੁਕਿਆ ਹੈ । ਸੋਵੀਅਟ ਸਰਕਾਰ ਨੇ ਇਸਤਰੀਆਂ ਨੂੰ ਸਿਰਫ਼ ਰਾਜਸੀ ਬਰਾਬਰੀ ਹੀ ਨਹੀਂ ਦਿਤੀ ਸਗੋਂ ਆਰਥਿਕ ਹੱਕਾਂ ਵਿਚ ਵੀ ਪੂਰੀ ਤਰਾਂ ਬਰਾਬਰ ਕੀਤਾ ਹੈ । ਇਸਤਰੀਆਂ ਨੂੰ ਸਿਰਫ਼ ਹਰ ਤਰ੍ਹਾਂ ਦਾ ਕੰਮ ਕਰਨ ਦਾ ਹੀ ਹੱਕ ਨਹੀ , ਸਗੋਂ ਤਨਖ਼ਾਹ ਵੀ ਮਰਦਾਂ ਦੇ ਬਰਾਬਰ ਮਿਲਦੀ ਹੈ । ਇਨਕਲਾਬ ਬਾਦ ਲੈਨਨ ਨੇ ਆਖਿਆ ਸੀ:—

"ਚੌਂਕੇ ਚੁੱਲੇ ਤੇ ਕੰਮ ਕਰਨ ਵਾਲੀ ਹਰ ਔਰਤ ਨੂੰ ਹਕੂਮਤ ਚਲੌਣੀ ਸਿਖਣੀ ਚਾਹੀਦੀ ਹੈ ।"

ਸੋਵੀਅਟ ਜਮਹੂਰੀਅਤਾਂ ਨੇ ਪੱਛੜੀਆਂ ਹੋਈਆਂ ਔਰਤਾਂ ਨੂੰ ਰਾਜਸੀ ਜ਼ਿੰਦਗੀ ਵਿਚ ਖਿੱਚ ਲਿਔਣ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ । ਹਕੂਮਤ ਦੇ ਅਡ ਅਡ ਦਫ਼ਤਰਾਂ, ਕਾਰਖ਼ਾਨਿਆਂ ਅਤੇ ਪੰਚੈਤੀ-ਖੇਤਾਂ ਆਦ ਵਿਚ ਇਸਤਰੀਆਂ ਨੂੰ ਦਾਖ਼ਲ ਕਰ ਦਿੱਤਾ । ਆਪਣੇ ਆਪਣੇ ਕੰਮਾਂ ਰਾਹੀਂ ਸਾਰੀਆਂ ਨੂੰ ਹਰ ਭਾਂਤ ਦੀ ਸਿਖਿਆ ਦਿਤੀ ਗਈ । ਇਹਦਾ ਨਤੀਜਾ ਇਹ ਨਿਕਲਿਆ ਕਿ ਇਸਤਰੀਆਂ ਪਹਿਲੀ ਵਾਰੀ ਆਪਣੇ ਆਪ ਨੂੰ ਸਮਾਜ ਦਾ ਇਕ ਹਿੱਸਾ ਸਮਝਣ ਲਗ ਪਈਆਂ । ਓਹਨਾਂ ਨੂੰ ਏਹ ਪਤਾ ਲਗ ਗਿਆ ਕਿ ਓਹ ਵੀ ਮਰਦਾਂ ਦੇ ਬਰੋਬਰ ਹਨ ।

ਸਥਾਨਕ ਸੋਵੀਅਟਾਂ ਨੇ ਵੀ ਆਪਣੀ ਆਪਣੀ ਥਾਂ ਔਰਤਾਂ ਨੂੰ ਚੰਗੀ ਸਿਖਿਆ ਦਿਤੀ, ਜਿਸ ਨਾਲ ਓਹ ਮੁਲਕ ਦੀਆਂ ਕੇਂਦਰੀ ਅਤੇ ਜ਼ਿੰਮੇ-ਵਾਰ ਥਾਂਵਾਂ ਤੇ ਚੁਣੇ ਜਾਣ ਦੇ ਯੋਗ ਬਣ ਗਈਆਂ । ੧੯੩੯ ਦੀਆਂ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.